# ਖਾਲੀ ਘਰਾਂ ‘ਤੇ ਟੈਕਸ ਨੂੰ ਸਮਝਣਾ

CITY OF VANCOUVER

## ਆਨਲਾਈਨ ਸਾਈਨ-ਅੱਪ ਕਰੋ

- vancouver.ca/tax ‘ਤੇ ਆਨਲਾਈਨ ਟੈਕਸ ਸੇਵਾਵਾਂ ਲਈ ਸਾਈਨ-ਅੱਪ ਕਰੋ ਅਤੇ ਹੇਠਾਂ ਦਿੱਤੇ ਲਾਭ ਪਰ੍ਾਪਤ ਕਰੋ:
- ਆਪਣਾ ਅਗਲਾ ਨੋਟਿਸ/ਬਿੱਲ ਈ-ਮੇਲ ਦੁਆਰਾ ਪਰ੍ਾਪਤ ਕਰਨ ਲਈ ਈ-ਬਲਿੰਗ (eBilling) ਦੀ ਚੋਣ ਕਰੋ
- ਆਪਣਾ ਵਰਤਮਾਨ ਪਰ੍ਾਪਰਟੀ ਟੈਕਸ, ਖਾਲੀ ਘਰਾਂ 'ਤੇ ਟੈਕਸ (EHT), ਅਤੇ ਸਹੂਲਤ ਦਾ ਬਕਾਇਆ ਪਰ੍ਾਪਤ ਕਰੋ
- ਆਪਣੇ ਪਿਛਲੇ ਬਿੱਲ ਅਤੇ ਭੁਗਤਾਨ ਦਾ ਇਤਿਹਾਸ ਦੇਖੋ
- ਇਹ ਪਤਾ ਕਰੋ ਕਿ ਕੀ ਤੁਸੀ ਆਪਣੀ ਘਰ ਦੇ ਮਾਲਕ ਦੀ ਗਰਾਂਟ ਲਈ ਦਾਅਵਾ ਕਰ ਲਿਆ ਹੈ
- ਆਪਣੀ ਸਹੂਲਤ ਦੀ ਖਪਤ ਦੇ ਇਤਿਹਾਸ ਨੂੰ ਟਰੈਕ ਕਰੋ
- ਆਪਣੀ ਸਾਲਾਨਾ EHT ਪਰ੍ਾਪਰਟੀ ਸਥਿਤੀ ਜਮਹ੍ਾਂ ਕਰੋ

## 2020 ਲਈ ਨਵਾਂ ਕੀ ਹੈ

- 2020 ਟੈਕਸ ਸਾਲ ਲਈ ਖਾਲੀ ਘਰਾਂ 'ਤੇ ਟੈਕਸ ਦੀ ਦਰ 1% ਤੋਂ ਵੱਧ ਕੇ 1.25% ਹੋ ਗਈ ਹੈ। ਵੈਨਕੂਵਰ ਸਿਟੀ ਕਾਉਂਸਿਲ ਨੇ ਇਸ ਵਾਧੇ ਦਾ ਨਿਰਦੇਸ਼ ਖਾਲੀ ਅਤੇ ਘੱਟ-ਵਰਤੇ ਜਾਂਦੇ ਘਰਾਂ ਦੇ ਮਾਲਕਾਂ ਨੂੰ ਆਪਣੀ ਪਰ੍ਾਪਰਟੀ ਵਿੱਚ ਰਹਿਣ ਜਾਂ ਇਸ ਨੂੰ ਕਿਰਾਏ ਦੇ ਬਜ਼ਾਰ ਵਿੱਚ ਰੱਖਣ ਲਈ ਉਤਸ਼ਾਹਿਤ ਕਰਨ ਵਾਸਤੇ ਦਿੱਤਾ ਹੈ। ਟੈਕਸ ਤੋਂ ਪਰ੍ਾਪਤ ਨਿਰੋਲ ਆਮਦਨੀ ਨੂੰ ਪੂਰੇ ਸ਼ਹਿਰ ਵਿੱਚ ਕਿਫਾਇਤੀ ਰਿਹਾਇਸ਼ੀ ਪਹਿਲਕਦਮੀਆਂ ਵਿੱਚ ਮੁੜ ਨਿਵੇਸ਼ ਕੀਤਾ ਜਾਵੇਗਾ।
- ਕਿਰਪਾ ਕਰਕੇ ਆਪਣੇ ਭੁਗਤਾਨ ਆਨਲਾਈਨ ਜਾਂ ਮੇਲ ਦੁਆਰਾ ਕਰੋ। ਕੋਵਿਡ-19 ਪਾਬੰਦੀਆਂ ਅਤੇ ਸਰੀਰਕ ਦੂਰੀ ਦੀਆਂ ਲੋੜਾਂ ਕਾਰਨ ਭੁਗਤਾਨ ਕਰਨ ਲਈ ਸਿਟੀ ਹਾਲ ਵਿਖੇ ਪਹੁੰਚ ਸੀਮਿਤ ਹੋ ਸਕਦੀ ਹੈ। ਸਿਟੀ ਹਾਲ ਤੱਕ ਪਹੁੰਚ ਬਾਰੇ ਤਾਜ਼ਾ ਜਾਣਕਾਰੀ ਲਈ vancouver.ca/contact 'ਤੇ ਜਾਓ ਜਾਂ 3-1-1 'ਤੇ ਕਾਲ ਕਰੋ।
- ਮਹਾਂਮਾਰੀ ਨਾਲ ਜੁੜੀਆਂ ਸਿਹਤ ਅਤੇ ਸੁਰੱਖਿਆ ਦੀਆਂ ਚਿੰਤਾਵਾਂ ਕਾਰਨ ਇਸ ਸਮੇਂ ਸਿਟੀ ਹਾਲ ਵਿਖੇ ਨਕਦ ਅਦਾਇਗੀਆਂ ਸਵੀਕਾਰ ਨਹੀਂ ਕੀਤੀਆਂ ਜਾ ਰਹੀਆਂ ਹਨ।

## ਪਰ੍ਾਪਰਟੀ ਦੀ ਸਥਿਤੀ ਦਾ ਐਲਾਨ ਕਿਵੇਂ ਕਰਨਾ

2020 ਲਈ ਪ੍ਰਾਪਰਟੀ ਦੀ ਸਥਤਿੀ ਦਾ ਐਲਾਨ ਕਰਨ ਦੀ ਨਯਿਤ ਮਤਿੀ 2 ਫਰਵਰੀ 2021 ਹੈ।
ਹਰ ਸਾਲ ਹਰੇਕ ਪਰ੍ਾਪਰਟੀ ਲਈ ਸਿਰਫ ਇੱਕ ਪਰ੍ਾਪਰਟੀ ਸਥਿਤੀ ਘੋਸ਼ਣਾ ਦੀ ਲੋੜ ਹੁੰਦੀ ਹੈ। ਹੁਣ vancouver.ca/eht ‘ਤੇ ਘੋਸ਼ਣਾ ਕਰੋ

ਵੈਨਕੂਵਰ ਦਾ ਖਾਲੀ ਘਰਾਂ ‘ਤੇ ਟੈਕਸ, ਸੂਬਾਈ ਸਰਕਾਰ ਦੇ ਸਪੈਕੁਲੇਸ਼ਨ ਐਂਡ ਵੈਕੇਂਸੀ ਟੈਕਸ (Speculation and Vacancy Tax) ਤੋਂ ਵੱਖਰਾ ਹੈ; ਸੂਬੇ ਦੇ ਟੈਕਸ ਸੰਬੰਧੀ ਪੁੱਛਗਿੱਛ gov.bc.ca/spectax ‘ਤੇ ਜਾਂ 1-833-554-2323 ‘ਤੇ ਕਾਲ ਕਰਕੇ ਕੀਤੀ ਜਾ ਸਕਦੀ ਹੈ।

### ਖਾਲੀ ਘਰਾਂ ‘ਤੇ ਟੈਕਸ ਸੰਬੰਧੀ ਪਰ੍ਾਪਰਟੀ ਦੀ ਸਥਿਤੀ ਦਾ ਐਲਾਨ ਕਿਵੇਂ ਕਰਨਾ ਹੈ ਕਦਮ-ਦਰ-ਕਦਮ ਗਾਈਡ

| | |
|---|---|
| 1 | ਆਪਣੇ ਅਡਵਾਂਸ ਟੈਕਸ ਨੋਟਿਸ ਦੇ ਮੂਹਰਲੇ ਪਾਸੇ ਤੋਂ ਆਪਣਾ ਫੋਲੀਓ ਨੰਬਰ ਅਤੇ ਐਕਸੈਸ ਕੋਡ ਪਰ੍ਾਪਤ ਕਰ |
| 2 | ਇਸ ਪਰਚੇ ਦੇ ਪਿਛਲੇ ਪਾਸੇ ਸਾਰਣੀ ਦੇਖ ਕੇ ਪਤਾ ਕਰੋ ਕਿ ਕੀ ਤੁ ਹਾਨੂੰ ਆਪਣਾ ਐਲਾਨ ਪੂ ਰਾ ਕਰਨ ਲਈ ਵਾਧੂ ਜਾਣਕਾਰੀ ਦੀ ਲੋੜ ਹੋਵੇਗੀ |
| 3 | ਇਸ ਵੈੱਬਸਾਈਟ ‘ਤੇ ਜਾਓ: vancouver.ca/eht-declare |
| 4 | Submit Declaration (ਐਲਾਨ ਜਮਹ੍ਾਂ ਕਰੋ ) ‘ਤੇ ਕਲਿੱ ਕ ਕਰ |
| 5 | ਆਪਣਾ ਫੋ ਲੀਓ ਨੰ ਬਰ (Folio number) ਅਤੇ ਐਕਸੈ ਸ ਕੋ ਡ (Access code) ਦਾਖਲ ਕਰੋ |
| 6 | ਆਪਣੇ ਸੰਪਰਕ ਵੇਰਵੇ ਪਾਓ ਅਤੇ ਆਪਣੀ ਪਰ੍ਾਪਰਟੀ ਦੀ ਸਥਿਤੀ ਚੁਣ |
| 7 | ਆਪਣਾ 2019 ਲਈ ਐਲਾਨ ਜਮਹ੍ਾਂ ਕਰਨ ਲਈ ਐਲਾਨ ਕਰੋ “Declare” ‘ਤੇ ਕਲਿੱਕ ਕਰਦਾਖਲ ਕਰੋ |
| 8 | ਤੁਹਾਨੂੰ ਈਮੇਲ ਦੁਆਰਾ ਆਪਣੇ ਐਲਾਨ ਦੀ ਪੁਸ਼ਟੀ ਪਰ੍ਾਪਤ ਹੋਵੇਗ |

此通告包含有關房屋空置稅 (Empty Homes Tax) 的重要資訊。有關更多資訊，請瀏覽 vancouver.ca/eht。
ਇਸ ਵਰਕੇ ‘ਚ ਖਾਲੀ ਪਏ ਘਰਾਂ ‘ਤੇ ਲੱਗਣ ਵਾਲੇ ਨਵੇਂ ਟੈਕਸ ਬਾਰੇ ਮਹੱਤਵਪਰਨ ਜਾਣਕਾਰੀ ਦਿੱਤੀ ਗਈ ਹੈ। ਹੋਰ ਵਧੇਰੇ ਜਾਣਕਾਰੀ vancouver.ca/eht ‘ਤੇ ਉਪਲਬਧ ਹੈ।

# ਖਾਲੀ ਘਰਾਂ 'ਤੇ ਟੈਕਸ

2020ਟੈਕਸ ਸਾਲ ਐਲਾਨ

### ਤੁਹਾਡਾ ਐਲਾਨ ਜਮਹ੍ਹਾਂ ਕਰਨ ਲਈ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ

ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਦੀ ਸਮੀਖਿਆ ਕਰੋ ਅਤੇ ਯਕੀਨੀ ਬਣਾਓ ਕਿ ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਰਦੇ ਸਮੇਂ ਤੁਹਾਡੇ ਕੋਲ ਸਾਰੀ ਲੋੜੀਂਦੀ ਜਾਣਕਾਰੀ ਹੈ।

**ਸਿਰਫ ਪ੍ਰਾਪਰਟੀ ਦੀਆਂ ਹੇਠਾਂ ਦਿੱਤੀਆਂ ਸਥਿਤੀਆਂ ਦੇ ਤਹਿਤ ਆਉਣ ਵਾਲੀਆਂ ਪ੍ਰਾਪਰਟੀਆਂ ਦੇ ਮਾਲਕਾਂ ਨੂੰ ਹੀ ਐਲਾਨ ਕਰਦੇ ਸਮੇਂ ਵਾਧੂ ਜਾਣਕਾਰੀ ਦੇਣ ਦੀ ਲੋੜ ਹੈ:**

| 2020 ਵਿੱਚ ਪ੍ਰਾਪਰਟੀ ਦੀ ਸਥਿਤੀ | ਐਲਾਨ ਕਰਦੇ ਸਮੇਂ ਲੋੜੀਂਦੀ ਜਾਣਕਾਰੀ |
|---|---|
| ਪ੍ਰਾਪਰਟੀ ਨੂੰ ਲਗਾਤਾਰ 30 ਜਾਂ ਵੱਧ ਦਿਨਾਂ ਦੀਆਂ ਮਿਆਦਾਂ ਵਿੱਚ, ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਕਿਰਾਏ 'ਤੇ ਦਿੱਤਾ ਗਿਆ ਸੀ। | • ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪ੍ਰਾਪਰਟੀ ਸਾਲ ਦੇ ਇੱਕ ਹਿੱਸੇ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਕਿਰਾਏ 'ਤੇ ਦਿੱਤੀ ਗਈ ਸੀ ਅਤੇ ਸਾਲ ਦੇ ਇੱਕ ਹੋਰ ਹਿੱਸੇ ਲਈ ਮੁੜ-ਵਿਕਾਸ ਜਾਂ ਨਵੀਨੀਕਰਣ ਛੋਟ ਦੇ ਅਧੀਨ ਖਾਲੀ ਸੀ। ਕੁੱਲ ਮਿਲਾ ਕੇ, ਕਿਰਾਏਦਾਰੀ ਅਤੇ ਮੁੜ-ਵਿਕਾਸ ਜਾਂ ਨਵੀਨੀਕਰਣ ਦੀ ਮਿਆਦ ਸਾਲ ਵਿੱਚ ਛੇ ਮਹੀਨੇ ਜਾਂ ਇਸ ਤੋਂ ਵੱਧ ਦੇ ਬਰਾਬਰ ਹੈ। | • ਬਿਲਡਿੰਗ ਜਾਂ ਡਿਵੈਲਪਮੈਂਟ ਪਰਮਿਟ/ਅਰਜ਼ੀ ਨੰਬਰ ਅਤੇ ਉਸਾਰੀ ਪਰੋਜੈਕਟ ਦਾ ਸੰਖੇਪ ਵੇਰਵਾ ਅਤੇ<br>• ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪ੍ਰਾਪਰਟੀ ਨੂੰ ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ, ਕਿਸੇ ਪਰਿਵਾਰ ਦੇ ਮੈਂਬਰ, ਦੋਸਤ ਜਾਂ ਇਜਾਜ਼ਤ ਦਿੱਤੇ ਗਏ ਕਾਬਜ਼ਦਾਰ ਦੁਆਰਾ ਮੁੱਖ ਰਿਹਾਇਸ਼ ਦੇ ਵਜੋਂ ਵਰਤਿਆ ਗਿਆ ਸੀ। | • ਉਸ ਪਰਿਵਾਰ ਦੇ ਮੈਂਬਰ ਜਾਂ ਦੋਸਤ ਦਾ ਪੂਰਾ ਨਾਮ ਅਤੇ ਫੋਨ ਨੰਬਰ ਜੋ ਪ੍ਰਾਪਰਟੀ ਵਿੱਚ ਰਹਿੰਦਾ ਸੀ |
| ਤੁਹਾਡੀ ਮੁੱਖ ਰਿਹਾਇਸ਼ ਗਰੇਟਰ ਵੈਨਕੂਵਰ ਦੇ ਬਾਹਰ ਸੀ ਪਰ ਤੁਸੀਂ ਘੱਟੋ-ਘੱਟ ਛੇ ਮਹੀਨਿਆਂ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਆਪਣੀ ਪ੍ਰਾਪਰਟੀ ਵਿੱਚ ਰਹੇ ਸੀ ਕਿਉਂਕਿ ਤੁਸੀਂ ਗਰੇਟਰ ਵੈਨਕੂਵਰ ਵਿੱਚ ਫੁੱਲ ਟਾਈਮ ਦੀ ਨੌਕਰੀ ਕਰ ਰਹੇ ਸੀ। ਇਹ ਜ਼ਰੂਰੀ ਹੈ ਕਿ ਨੌਕਰੀ ਦੀ ਪ੍ਰਕਿਰਤੀ ਦੇ ਕਾਰਨ ਤੁਹਾਡੇ ਗਰੇਟਰ ਵੈਨਕੂਵਰ ਵਿੱਚ ਮੌਜੂਦ ਰਹਿਣ ਦੀ ਲੋੜ ਹੋਵੇ। | • ਤੁਹਾਡੇ ਰੁਜ਼ਗਾਰਦਾਤਾ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਦਾ ਜਾਂ ਤਾਂ:<br>• ਪੁਨਰ-ਵਿਕਾਸ ਹੋ ਰਿਹਾ ਹੈ ਜਾਂ ਮੁੱਖ ਸੁਧਾਰ ਹੋ ਰਹੇ ਹਨ ਜਿੱਥੇ ਪਰਮਿਟ ਜਾਰੀ ਕੀਤੇ ਗਏ ਹਨ, ਜਾਂ<br>• ਜ਼ਮੀਨਾਂ ਖਾਲੀ ਹਨ, ਵਿਰਾਸਤੀ ਸੰਪਤੀ ਹਨ ਜਾਂ ਪੜਾਅ ਵਾਰ ਵਿਕਾਸ ਦਾ ਹਿੱਸਾ ਹਨ ਜਿਨਹ੍ਹਾਂ ਲਈ ਦਰਖਾਸਤਾਂ ਸਮੀਖਿਆ ਅਧੀਨ ਹਨ। | • ਬਿਲਡਿੰਗ ਜਾਂ ਵਿਕਾਸ ਦਾ ਪਰਮਿਟ/ਐਪਲੀਕੇਸ਼ਨ ਨੰਬਰ<br>• ਉਸਾਰੀ ਪਰੋਜੈਕਟ ਦਾ ਸੰਖੇਪ ਵਿਵਰਣ |
| ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਪ੍ਰਾਪਰਟੀ ਵਿੱਚ ਕੋਈ ਨਹੀਂ ਰਹਿੰਦਾ ਸੀ ਕਿਉਂਕਿ ਸਾਰੇ ਕਾਬਜ਼ ਕਿਸੇ ਹਸਪਤਾਲ, ਲੰਮੀ-ਮਿਆਦ ਦੀ ਜਾਂ ਸਹਾਇਕ ਦੇਖਭਾਲ ਸਹੂਲਤ ਵਿੱਚ ਰਹਿ ਰਹੇ ਸਨ ਅਤੇ ਇਸ ਤੋਂ ਪਹਿਲਾਂ ਪ੍ਰਾਪਰਟੀ ਨੂੰ ਮੁੱਖ ਰਿਹਾਇਸ਼ ਦੇ ਵਜੋਂ ਵਰਤ ਰਹੇ ਸਨ ਜਾਂ ਇੱਕ ਕਿਰਾਏਦਾਰ ਵਜੋਂ ਰਿਹਾਇਸ਼ੀ ਉਦੇਸ਼ਾਂ ਲਈ ਇਸ ਵਿੱਚ ਰਹਿ ਰਹੇ ਸਨ। | • ਦੇਖਭਾਲ ਪ੍ਰਾਪਤ ਕਰ ਰਹੇ ਵਿਅਕਤੀ ਦਾ ਨਾਮ<br>• ਡਾਕਟਰੀ ਸਹੂਲਤ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਕਿਸੇ ਅਦਾਲਤੀ ਹੁਕਮ, ਅਦਾਲਤੀ ਕਾਰਵਾਈਆਂ, ਜਾਂ ਇਸ ਅੰਦਰ ਰਹਿਣ ਤੋਂ ਮਨਹ੍ਹਾਂ ਕਰਨ ਵਾਲੇ ਕਿਸੇ ਸਰਕਾਰੀ ਆਦੇਸ਼ ਦੇ ਅਧੀਨ ਸੀ ਅਤੇ ਇਸ ਵਿੱਚ ਰਹਿਣ ਦੀ ਇਜਾਜ਼ਤ ਦੇਣ ਵਾਲੀਆਂ ਕਾਰਵਾਈਆਂ ਆਦੇਸ਼ ਵਿੱਚ ਦਿੱਤੀਆਂ ਕਿਸੇ ਵੀ ਸਮਾਂ ਸੀਮਾਵਾਂ ਦੇ ਅਨੁਸਾਰ ਲਗਨ ਨਾਲ ਅਤੇ ਬਿਨਾਂ ਕਿਸੇ ਦੇਰੀ ਦੇ ਕੀਤੀਆਂ ਗਈਆਂ ਸਨ। | • ਅਦਾਲਤ ਦੀ ਫਾਈਲ/ਆਦੇਸ਼ ਦਾ ਨੰਬਰ |

**ਤੁਹਾਡੇ ਵੱਲੋਂ ਐਲਾਨ ਜਮਹ੍ਹਾਂ ਕਰਨ ਦੇ ਬਾਅਦ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ ਜਿਸ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:**

- ICBC ਵਾਹਨ ਬੀਮਾ ਅਤੇ ਰਜਿਸਟਰੇਸ਼ਨ
- ਸਰਕਾਰ ਦੁਆਰਾ ਜਾਰੀ ਨਿੱਜੀ ਪਛਾਣ ਦਾ ਸਬੂਤ, ਜਿਸ ਵਿੱਚ ਡਰਾਈਵਰ ਦਾ ਲਾਇਸੈਂਸ, BCID ਕਾਰਡ, ਬ੍ਰਿਟਿਸ਼ ਕੋਲੰਬੀਆ ਸਰਵਿਸਿਜ਼ ਕਾਰਡ ਸ਼ਾਮਲ ਹਨ
- ਇਨਕਮ ਟੈਕਸ ਦੇ ਰਿਟਰਨ ਅਤੇ ਮੁਲਾਂਕਣ ਦੇ ਨੋਟਿਸ, ਕਿਰਾਏ ਤੋਂ ਆਮਦਨ ਦੀਆਂ ਅਨੁਸੂਚੀਆਂ ਸਮੇਤ
- ਰੁਜ਼ਗਾਰ ਦੇ ਇਕਰਾਰਨਾਮੇ, ਤਨਖਾਹ ਦੀਆਂ ਸਟੇਟਮੈਂਟਾਂ ਜਾਂ ਰੁਜ਼ਗਾਰ ਦੇ ਰਿਕਾਰਡ
- ਘਰ ਦੇ ਮਾਲਕ ਦੀ ਬੀਮਾ ਪਾਲਿਸੀ
- ਕਿਰਾਏਦਾਰੀ ਇਕਰਾਰਨਾਮਾ(ਇਕਰਾਰਨਾਮੇ)
- ਬੈਂਕ ਸਟੇਟਮੈਂਟਾਂ

©2020 City of Vancouver 20-174 | Punjabi